SOGIeducation.org ’ਤੇ ਪੜ੍ਹਾਉਣ ਦੇ ਵਸੀਲੇ ਸੂਬੇ ਭਰ ਦੇ ਅਧਿਆਪਕਾਂ ਵਲੋਂ ਤਿਆਰ ਕੀਤੇ ਗਏ ਸਨ ਅਤੇ ਇਸ ਦਾ ਮਕਸਦ ਕਲਾਸਰੂਮਾਂ ਨੂੰ ਸਾਰੇ ਵਿਦਿਆਰਥੀਆਂ ਲਈ ਸ਼ਾਮਲ ਕਰਨ ਵਾਲੇ ਬਣਾਉਣ ਵਿਚ ਹੋਰ ਅਧਿਆਪਕਾਂ ਦੀ ਮਦਦ ਕਰਨਾ ਹੈ। ਸਾਰੇ ਵਸੀਲੇ ਸਾਲ 2016 ਵਿਚ ਅਪਡੇਟ ਕੀਤੇ ਗਏ ਬੀ ਸੀ ਹਿਊਮਨ ਰਾਈਟਸ ਕੋਡ ਨਾਲ ਮੇਲ ਖਾਂਦੇ ਹਨ।



## ਅਸੀਂ ਕੀ ਕਰਦੇ ਹਾਂ

ਐੱਸ ਓ ਜੀ ਆਈ 1 2 3 ਪਾਠਾਂ (ਲੈਸ਼ਨਜ਼) ਦੀਆਂ ਪਲੈਨਾਂ ਦੀਆਂ ਟੈਮਪਲੇਟ ਨੂੰ ਸ਼ੇਅਰ ਕਰਦੇ ਹਨ ਜੋ ਕਿ ਟੀਚਰਾਂ ਲਈ ਪ੍ਰਵਾਨਗੀ ਦਾ ਸੁਨੇਹਾ ਭੇਜਣਾ ਅਤੇ ਵੱਖ ਵੱਖ ਪਰਿਵਾਰਕ ਢਾਂਚਿਆਂ, ਸਭਿਆਚਾਰਾਂ ਅਤੇ ਐੱਲ ਜੀ ਬੀ ਟੀ ਕਿਊ ਕਮਿਉਨਟੀ ਤੋਂ ਵਿਦਿਆਰਥੀਆਂ ਦਾ ਸੁਆਗਤ ਕਰਨਾ ਸੌਖਾ ਬਣਾਉਂਦੀਆਂ ਹਨ।

“ਇਸ ਤਰ੍ਹਾਂ ਦੇ ਬੱਚੇ ਹਨ ਜਿਹੜੇ ਮੇਰੇ ਜਾਂ ਮੇਰੇ ਬੱਚਿਆਂ ਨਾਲੋਂ ਵੱਖਰੇ ਹਨ। ਉਹ ਵੀ ਸ਼ਾਮਲ ਹੋਇਆ ਮਹਿਸੂਸ ਕਰਨਾ ਚਾਹੁੰਦੇ ਹਨ।”

- ਸਟੇਸੀ ਵੇਕਲਿਨ,
ਲੈਂਗਲੀ ਦਾ ਮਾਪਾ

# ਬੱਚਿਆਂ ਕੋਲ ਸੁਆਲ ਹੁੰਦੇ ਹਨ।

## ਰਲ ਕੇ ਪਤਾ ਲਾਓ।

SOGIEDUCATION.ORG ’ਤੇ ਜਾਉ।

*ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਵਿਦਿਆ ਮਹਿਕਮੇ ਰਾਹੀਂ ਮਿਲੀ ਮਾਇਕ ਮਦਦ ਲਈ ਧੰਨਵਾਦੀ ਹਾਂ।*

*ਸਹਿਯੋਗੀ ਹਿੱਸੇਦਾਰ:*

SOGI 123
BCCPAC BC Confederation of Parent Advisory Councils
ARC FOUNDATION
BRITISH COLUMBIA

SOGI 123

ਉਨ੍ਹਾਂ ਵਸੀਲਿਆਂ ਦਾ ਇਕ ਸਮੂਹ ਹੈ ਜਿਹੜੇ ਸਾਰੇ ਵਿਦਿਆਰਥੀਆਂ ਨੂੰ ਸੁਰੱਖਿਅਤ ਅਤੇ ਆਪਣੀਆਂ ਕਲਾਸਾਂ ਵਿਚ ਸ਼ਾਮਲ ਮਹਿਸੂਸ ਕਰਵਾਉਣ ਲਈ ਟੀਚਰਾਂ ਦੀ ਵਰਤੋਂ ਲਈ ਉਪਲਬਧ ਹਨ।

***“ਐੱਸ ਓ ਜੀ ਆਈ ਵਿਚ ਸ਼ਾਮਲ ਪੜ੍ਹਾਈ ਹਰ ਇਕ ਨਾਲ ਆਦਰ ਵਾਲਾ ਵਰਤਾਉ ਕਰਨ ਅਤੇ ਇਹ ਪੱਕਾ ਕਰਨ ਬਾਰੇ ਹੈ ਕਿ ਸਕੂਲ ਭਾਈਚਾਰੇ ਦਾ ਹਰ ਮੈਂਬਰ ਵਡਮੁੱਲਾ, ਸੁਰੱਖਿਅਤ ਅਤੇ ਨੁਮਾਇੰਦਗੀ ਹੁੰਦੀ ਮਹਿਸੂਸ ਕਰਦਾ ਹੈ।”***

**–ਬੀ ਸੀ ਸੀ ਪੀ ਏ ਸੀ ਬੋਰਡ ਔਫ ਡਾਇਰੈਕਟਰਜ਼**

[Punjabi]

## ਐੱਸ ਓ ਜੀ ਆਈ ਦੇ ਵਿਸ਼ੇ ਅਤੇ ਸਿੱਖਿਆ ਹਰ ਉਮਰ ਅਤੇ ਹਰ ਕਲਾਸਰੂਮ ਮੁਤਾਬਕ ਵੱਖਰੇ ਦਿਖਾਈ ਦਿੰਦੇ ਹਨ।

ਸਾਰੇ ਵਿਦਿਆਰਥੀ ਆਪਣੀ ਪੂਰੀ ਸਮਰੱਥਾ ਮੁਤਾਬਕ ਰਹਿਣ ਅਤੇ ਸਿੱਖਣ ਦੇ ਯੋਗ ਹੋਣੇ ਚਾਹੀਦੇ ਹਨ।

ਕੁਝ ਵਿਦਿਆਰਥੀਆਂ ਨੂੰ ਸਰੀਰਕ ਰੁਕਾਵਟਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਜਦ ਕਿ ਹੋਰ ਇੰਨਾ ਸਪਸ਼ਟ ਨਹੀਂ ਹੁੰਦੇ।

ਪਾਠਾਂ ਦੀਆਂ ਪਲੈਨਾਂ ਜਿਵੇਂ ਕਿ *4/5 ਲਿੰਗ ਪਛਾਣ* ਬੱਚਿਆਂ ਨੂੰ ਇਹ ਸਿਖਾਉਂਦੀ ਹੈ ਕਿ ਕਿਸੇ ਨੂੰ ਵੀ ਕੱਟੜ ਧਾਰਨਾਵਾਂ ਕਰਕੇ ਸੀਮਤ ਮਹਿਸੂਸ ਨਹੀਂ ਕਰਨਾ ਚਾਹੀਦਾ, ਜਾਂ ਇਨ੍ਹਾਂ ਕਰਕੇ ਤੰਗ ਨਹੀਂ ਕੀਤਾ ਜਾਣਾ ਚਾਹੀਦਾ।




ਸਾਰੇ ਵਿਦਿਆਰਥੀਆਂ ਲਈ ਆਪਣੀ ਕਲਾਸ ਵਿਚ ਆਪਣੇ ਆਪ ਦਾ ਅਕਸ ਦਿਖਾਏ ਜਾਂਦੇ ਦੇਖਣਾ ਉਸ ਦੀ ਜੁੜੇ ਹੋਣ ਦੀ ਭਾਵਨਾ 'ਤੇ ਸਿੱਧਾ ਅਸਰ ਪਾਉਂਦਾ ਹੈ।

ਕੁਝ ਬੱਚਿਆਂ ਦੀਆਂ ਮਾਂਵਾਂ ਨਹੀਂ ਹੁੰਦੀਆਂ, ਅਤੇ ਕੁਝ ਬੱਚਿਆਂ ਕੋਲ ਦੋ ਹੁੰਦੀਆਂ ਹਨ।

ਪਾਠਾਂ ਦੀਆਂ ਪਲੈਨਾਂ ਜਿਵੇਂ ਕਿ *ਕੇ/1 ਪਰਿਵਾਰਕ ਵੰਨ-ਸੁਵੰਨਤਾ* ਬੱਚਿਆਂ ਨੂੰ ਇਹ ਸਿਖਾਉਂਦੀਆਂ ਹਨ ਕਿ ਪਰਿਵਾਰ ਸਾਰੀਆਂ ਸ਼ਕਲਾਂ ਅਤੇ ਅਕਾਰਾਂ ਦੇ ਹੁੰਦੇ ਹਨ।

ਸਕੂਲ ਵਿਤਕਰੇ ਦੀਆਂ ਬਹੁਤ ਸਾਰੀਆਂ ਵੱਖ ਵੱਖ ਕਿਸਮਾਂ ਬਾਰੇ ਸਿਖਾਉਂਦੇ ਹਨ ਜਿਵੇਂ ਕਿ ਨਸਲਵਾਦ, ਇਸਤਰੀ ਜਾਤੀ ਤੋਂ ਘਿਰਣਾ ਅਤੇ ਕਾਮੁਕ ਤੌਰ 'ਤੇ ਪਰੇਸ਼ਾਨ ਕਰਨਾ।

*8/9/10 ਸਮਾਜਿਕ ਇਨਸਾਫ ਦੀ ਸ਼ਬਦਾਵਲੀ* ਵਰਗੇ ਪਾਠ ਇਹ ਦ੍ਰਿੜ ਕਰਨਾ ਜਾਰੀ ਰੱਖਦੇ ਹਨ ਕਿ ਸਾਡੀ ਭਾਸ਼ਾ ਅਤੇ ਐਕਸ਼ਨ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਸਕਦੇ ਹਨ ਅਤੇ ਇਸੇ ਤਰ੍ਹਾਂ ਹੀ ਇਸ ਨੂੰ ਅਣਡਿੱਠ ਕਰਨਾ।

ਟੀਚਰ ਇਹ ਪਤਾ ਲਾਉਣ ਲਈ ਬਿਹਤਰ ਲੈਸ ਹੁੰਦੇ ਹਨ ਕਿ ਉਨ੍ਹਾਂ ਦੀ ਕਲਾਸ ਲਈ ਉਮਰ ਮੁਤਾਬਕ ਕੀ ਢੁਕਵਾਂ ਹੈ। ਪ੍ਰਾਇਮਰੀ ਪੱਧਰ 'ਤੇ, ਟੀਚਰ ਪਰਿਵਾਰਾਂ ਵਿਚ ਕੱਟੜ ਧਾਰਨਾਵਾਂ, ਖਿਡੌਣਿਆਂ ਅਤੇ ਟੀ ਵੀ ਬਾਰੇ ਗੱਲ ਕਰ ਸਕਦੇ ਹਨ ਅਤੇ ਸੈਕੰਡਰੀ ਟੀਚਰ ਵਿਦਿਆਰਥੀਆਂ ਨੂੰ ਸਾਡੀ ਦੁਨੀਆ ਦਾ ਇਹ ਆਲੋਚਨਾਤਮਕ ਵਿਸ਼ਲੇਸ਼ਣ ਕਰਨ ਲਈ ਉਤਸ਼ਾਹ ਦੇ ਸਕਦੇ ਹਨ ਕਿ ਇਹ ਕੱਟੜ ਧਾਰਨਾਵਾਂ ਕਿਵੇਂ ਸਾਡੇ ਮੇਲਜੋਲ 'ਤੇ ਅਸਰ ਪਾਉਂਦੀਆਂ ਹਨ। ਬੱਚਿਆਂ ਦੇ ਵੱਡੇ ਹੋਣ 'ਤੇ ਕਾਮੁਕ ਰੁਚੀ ਅਤੇ ਲਿੰਗ ਪਛਾਣ ਬਾਰੇ ਧਾਰਨਾਵਾਂ ਪੱਕੀਆਂ ਹੋ ਜਾਂਦੀਆਂ ਹਨ।

**ਸਾਰੇ ਵਿਦਿਆਰਥੀ ਪਾਠਾਂ ਤੋਂ ਆਦਰ ਅਤੇ ਕਦਰਦਾਨੀ ਦੀਆਂ ਕਦਰਾਂ-ਕੀਮਤਾਂ ਸਿੱਖਦੇ ਹਨ ਜਿਹੜੀਆਂ ਵਿਤਕਰੇ ਨੂੰ ਰੋਕਦੀਆਂ ਹਨ।**

*ਕੇ-12 ਕਿਉਂ "ਇਹ ਬਹੁਤ ਗੇਅ ਹੈ" ਓਕੇ ਨਹੀਂ ਹੈ* ਵਰਗੇ ਪਾਠ ਦੀਆਂ ਪਲੈਨਾਂ ਬੱਚਿਆਂ ਨੂੰ "ਸੋ ਗੇਅ" ਵਰਗੀਆਂ ਗੱਲਾਂ ਕਹਿਣ ਤੋਂ ਰੋਕਦੀਆਂ ਹਨ ਜਿਹੜੀਆਂ ਸਿੱਧਾ ਸਕੂਲਾਂ ਦੇ ਸੁਆਗਤ ਕਰਨ ਵਾਲੇ ਮਾਹੌਲ 'ਤੇ ਅਸਰ ਪਾਉਂਦੀਆਂ ਹਨ। ਜਦੋਂ ਅਸੀਂ ਆਪਣੇ ਫਰਕਾਂ ਨੂੰ ਪ੍ਰਵਾਨ ਕਰਦੇ ਹਾਂ, ਅਸੀਂ ਇਕ ਦੂਜੇ ਦਾ ਆਦਰ ਕਰਨਾ ਸਿੱਖਦੇ ਹਾਂ।